


# ਬੀਸੀ ਹੋਮ ਓਨਰ (ਘਰ ਦੇ ਮਾਲਕ) ਲਈ ਮਾਰਗੇਜ ਅਤੇ ਇਕਵਿਟੀ ਪਾਰਟਨਰਸ਼ਿਪ (ਬੀਸੀ ਹੋਮ ਪਾਰਟਨਰਸ਼ਿਪ)

## ਪ੍ਰੋਗਰਾਮ ਬਾਰੇ

ਇਹ ਬੀਸੀ ਹੋਮ ਪਾਰਟਨਰਸ਼ਿਪ ਚੁਕਾਉਣ-ਯੋਗ ਤਤਕਾਲ ਭੁਗਤਾਨ ਦੇ ਮਦਦਕਾਰੀ ਕਰਜ਼ੇ ਪ੍ਰਦਾਨ ਕਰਕੇ ਬ੍ਰਿਟਿਸ਼ ਕੋਲੰਬੀਆ ਦੇ ਉਨ੍ਹਾਂ ਨਿਵਾਸੀਆਂ ਦੀ ਮਦਦ ਕਰਦੀ ਹੈ ਜੋ ਪਹਿਲੀ ਵਾਰ ਘਰ ਖਰੀਦਣ ਲਈ ਯੋਗ ਹੁੰਦੇ ਹਨ। ਇਹ ਕਰਜ਼ਾ ਚੁਕਾਉਣ-ਯੋਗ ਹੋਏਗਾ ਅਤੇ ਟਾਇਟਲ ਉੱਤੇ ਰਜਿਸਟਰ ਹੋਈ ਦੂਜੀ ਮਾਰਗੇਜ ਦੁਆਰਾ ਸੁਰੱਖਿਅਤ ਹੋਏਗਾ।

ਇਹ ਕਰਜ਼ਾ, ਖਰੀਦ ਮੁੱਲ ਦੇ ਵਧ ਤੋਂ ਵਧ 5% ਤਕ ਤੁਹਾਡੀ ਨਿੱਜੀ ਤਤਕਾਲ-ਅਦਾਇਗੀ ਦੇ ਵਿੱਚ ਯੋਗਦਾਨ ਪਾਏਗਾ। ਅਧਿਕਤਮ ਖਰੀਦ ਮੁੱਲ $750,000 ਹੈ।

ਤੁਹਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਤੁਹਾਡੀ ਨਿੱਜੀ ਤਤਕਾਲ-ਅਦਾਇਗੀ ਦੀ ਰਕਮ, ਦੇ ਨਾਲ-ਨਾਲ ਬੀਸੀ ਹੋਮ ਪਾਰਟਨਰਸ਼ਿਪ ਲੋਨ ਬੀਮਾਕ੍ਰਿਤ ਪਹਿਲੇ ਮਾਰਗੇਜ ਲੋਨ ਲਈ ਘੱਟੋ-ਘੱਟ ਤਤਕਾਲ-ਅਦਾਇਗੀ ਦੀ ਲੋੜ ਨੂੰ ਪੂਰਾ ਕਰਦੀ ਹੈ।








| Example #1 | Example #2 | Example #3 |
|---|---|---|
| Home price $480,000 | Home price $600,000 | Home price $750,000 |
| Minimum down payment required $24,000 | Minimum down payment required 35,000 | Minimum down payment required $50,000 |
| Your personal down payment $12,000 (2.5%) | Your personal down payment $30,000 (5%) | Your personal down payment $52,500 (7%) |
| BC HOME Partnership loan $12,000 (2.5%) | BC HOME Partnership loan $30,000 (5%) | BC HOME Partnership loan $37,500 (5%) |
| Total down payment towards your new home $24,000 (5%) | Total down payment towards your new home $60,000 (10%) | Total down payment towards your new home $90,000 (12%) |

ਬੀਸੀ ਹੋਮ ਪਾਰਟਨਰਸ਼ਿਪ ਲੋਨ ਸ਼ੁਰੂਆਤੀ **25**-ਸਾਲ ਦੀ ਅਵਧੀ **ਲਈ**ਹੈ, ਜੋ ਪਹਿਲੇ ਪੰਜ ਸਾਲਾਂ ਲਈਵਿਆਜ਼ ਅਤੇ ਭੁਗਤਾਨ ਤੋਂ ਰਹਿਤ ਹੈ।

ਇਸਲੋਨਨੂੰਤੁਹਾਡੀ ਸੰਪੱਤੀ ਦੇ ਟਾਇਟਲ ਉੱਤੇ ਦੂਜੇ ਮਾਰਗੇਜ ਵਜੋਂ ਰਜਿਸਟਰ ਕੀਤਾ ਜਾਏਗਾ।






## ਯੋਗ ਮਕਾਨ

ਇਹ ਮਕਾਨ ਲਾਜ਼ਮੀ ਤੌਰ ਤੇ ਬ੍ਰਿਟਿਸ਼ ਕੋਲੰਬੀਆ ਵਿੱਚ ਸਥਿਤ, ਇੱਕ ਕਨੂੰਨੀ, ਆਤਮਨਿਰਭਰ ਮਾਰਗੇਜ-ਯੋਗ ਰਿਹਾਇਸ਼ ਹੋਣੀ ਚਾਹੀਦੀ ਹੈ, ਜਿਸਦਾ ਅਧਿਕਤਮ ਖਰੀਦ ਮੁੱਲ $750,000 ਹੋਵੇ।

ਇਹ ਮਕਾਨ ਤੁਹਾਡਾ ਮੂਲ ਨਿਵਾਸ ਹੋਣਾ ਲਾਜ਼ਮੀ ਹੈ; ਕਿਰਾਏ ਦੇ ਮਕਾਨ ਅਤੇ ਮੌਸਮੀ/ਮਨੋਰੰਜਨ ਸਬੰਧੀ ਸੰਪੱਤੀਆਂ ਯੋਗ ਨਹੀਂ ਹਨ।

ਯੋਗ ਮਕਾਨਾਂ ਦੀਆਂ ਉਦਾਹਰਣਾਂ ਵਿੱਚ ਨਿਮਨਲਿਖਤ ਸ਼ਾਮਲ ਹਨ ਪਰ ਇੱਥੋਂ ਤਕ ਸੀਮਤ ਨਹੀਂ ਹਨ

- ਅਲੱਗ/ਇੱਕ ਪਾਸੋਂ ਜੁੜੇ ਮਕਾਨ
- ਸੰਯੁਕਤ ਘਰ
- ਪੰਕਤੀਬੱਧ ਮਕਾਨ
- ਸਹਿ-ਮਲਕੀਅਤ ਵਾਲਾ ਘਰ

ਤੁਹਾਡੇ ਲਈ ਕਲੋਜ਼ਿੰਗ ਦੇ 30 ਦਿਨਾਂ ਦੇ ਅੰਦਰ ਇਸਦਾ ਕਬਜ਼ਾ ਲੈਣਾ ਅਤੇ ਛੇ ਮਹੀਨਿਆਂ ਦੇ ਅੰਦਰ ਮਕਾਨ ਵਿੱਚ ਰਹਿਣਾ ਸ਼ੁਰੂ ਕਰਨਾ ਲਾਜ਼ਮੀ ਹੁੰਦਾ ਹੈ। ਤੁਹਾਡੇ ਲਈ ਪਹਿਲੇ ਪੰਜ ਸਾਲਾਂ ਲਈ (ਜਾਂ ਇਸ ਤੋਂ ਘੱਟ ਅਵਧੀ ਲਈ ਜੇ ਪੂਰਾ ਲੋਨ ਚੁਕਾ ਦਿੱਤਾ ਗਿਆ ਹੈ) ਘਰ ਦਾ ਰਖਰਖਾਵ ਆਪਣੇ ਮੂਲ ਨਿਵਾਸ ਵਜੋਂ ਕਰਨਾ ਲਾਜ਼ਮੀ ਹੈ। ਤੁਸੀਂ ਘਰ ਦੇ ਰਜਿਸਟਰਡ ਮਾਲਕ ਹੋਣੇ ਚਾਹੀਦੇ ਹੋ ਅਤੇ ਘਰ ਦੀ ਦੇਖਰੇਖ ਕਿਸੇ ਹੋਰ ਨੂੰ ਸੌਂਪ ਕੇ ਘਰ ਦਾ ਟਾਇਟਲ ਨਹੀਂ ਰੱਖ ਸਕਦੇ ਹੋ।




OUR OPPORTUNITY IS HERE

# BC HOME Partnership

BRITISH COLUMBIA

BC HOUSING

## ਕੀ ਮੈਂ ਯੋਗ ਹਾਂ?

ਸਾਡਾ ਆਨਲਾਈਨ ਕੈਲਕੁਲੇਟਰ ਤੁਹਾਡੀ ਇਹਪਤਾ ਲਗਾਉਣ ਵਿੱਚ ਮਦਦਕਰਸਕਦਾ ਹੈ ਕਿ ਤੁਸੀਂ ਯੋਗਤਾ ਮਾਨਦੰਡ ਨੂੰ ਪੂਰਾ ਕਰਦੇ ਹੋ ਜਾਂ ਨਹੀਂ।

ਕਰਜ਼ੇ ਲਈਯੋਗ ਠਹਿਰਾਏ ਜਾਣ ਲਈਘਰਦੇ ਟਾਇਟਲ ਉੱਤੇ ਦਿਖਾਈ ਦੇਣ ਵਾਲੇ ਵਿਅਕਤੀ ਲਈਹੇਠ ਲਿਖੇ ਮਾਨਦੰਡ ਨੂੰ ਪੂਰਾ ਕਰਨਾ ਲਾਜ਼ਮੀ ਹੈ:

- ਕੈਨੇਡਾ ਦੇ ਨਾਗਰਿਕ ਹੋ ਜਾਂ ਸਥਾਈ ਨਿਵਾਸੀ ਹੋ ਜੋ ਘੱਟੋ-ਘੱਟ ਪੰਜ ਸਾਲ ਤੋਂ ਬ੍ਰਿਟਿਸ਼ ਕੋਲੰਬੀਆਵਿੱਚ ਰਹਿੰਦਾ ਹੈ।
- ਆਪਣੀ ਅਰਜ਼ੀ ਦੇਣ ਤੋਂ ਪਹਿਲਾਂ ਬ੍ਰਿਟਿਸ਼ ਕੋਲੰਬੀਆ ਵਿਚ ਰਹਿੰਦੇ ਹੋਏ ਤੁਹਾਨੂੰ ਘੱਟੋ-ਘੱਟ 12 ਮਹੀਨੇ ਹੋ ਗਏਹਨ।
- ਪਹਿਲੀ-ਵਾਰ ਘਰਖਰੀਦਣ ਵਾਲੇ ਅਜਿਹੇ ਵਿਅਕਤੀ ਹੋ ਜਿਸਨੇ ਕਿਸੇ ਵੀ ਸਮੇਂ ਦੁਨੀਆ ਵਿੱਚ ਕਿਤੇ ਵੀ ਮੂਲ ਨਿਵਾਸ ਤੋਂ ਵਿਆਜ ਨਾ ਕਮਾਇਆ ਹੋਵੇ ਅਤੇ ਕਦੇ ਵੀ ਪਹਿਲੀ-ਵਾਰ ਘਰਖਰੀਦਣ ਤੇ ਮਿਲਣਵਾਲੀ ਛੂਟ ਜਾਂ ਰਿਫੰਡ ਪ੍ਰਾਪਤ ਨਾ ਕੀਤਾ ਹੋਵੇ।
- ਟਾਇਟਲ ਉੱਤੇ ਹਰਕਿਸੇ ਦੀ ਸੰਯੁਕਤ ਤੌਰ ਤੇ ਕੁੱਲ ਆਮਦਨੀ 150,000 ਤੋਂ ਵਧਨਹੀਂ ਹੋਣੀ ਚਾਹੀਦੀ।
- ਖਰੀਦੇ ਜਾ ਰਹੇ ਘਰਦਾ ਇਸਤੇਮਾਲ ਲਾਜ਼ਮੀ ਤੌਰ ਤੇ, ਖਰੀਦੇ ਜਾਣ ਤੋਂ ਬਾਅਦ ਪਹਿਲੇ ਪੰਜ ਸਾਲਾਂ ਲਈਟਾਇਟਲ ਤੇ ਅਤੇਸਾਰੇ ਵਿਅਕਤੀਆਂ ਦੇ ਮੂਲ ਨਿਵਾਸ ਦੇ ਤੌਰ ਤੇ ਕੀਤਾ ਜਾਵੇ।
- 750,000 ਡਾਲਰ ਜਾਂ ਇਸਤੋਂ ਘੱਟ ਦਾ ਘਰਖਰੀਦਿਆ ਹੈ
- ਘਰਲਈਉੱਚ-ਅਨੁਪਾਤ ਦੀ ਬੀਮਾਕ੍ਰਿਤ ਪਹਿਲੀ ਮਾਰਗੇਜ ਦੇ ਯੋਗ ਹੋ

OUR OPPORTUNITY IS HERE

## ਤੁਹਾਡੇ ਦੁਆਰਾ ਅਰਜ਼ੀ ਦੇਣ ਤੋਂ ਪਹਿਲਾਂ

- ਤੁਹਾਡੇ ਕੋਲ ਅੰਸ਼ਕ ਤਤਕਾਲ-ਅਦਾਇਗੀ ਦੀ ਰਕਮਲਾਜ਼ਮੀ ਤੌਰ ਤੇ ਹੋਣੀ ਚਾਹੀਦੀ ਹੈ
- ਤੁਸੀਂ ਲਾਜ਼ਮੀ ਤੌਰ ਤੇ *ਰਾਸ਼ਟਰੀ ਆਵਾਸ ਅਧਿਨਿਯਮ*ਦੇ ਤਹਿਤ ਮਨਜ਼ੂਰਸ਼ੁਦਾ ਰਿਣਦਾਤਾ ਵੱਲੋਂ ਬੀਮਾਕ੍ਰਿਤ ਮਾਰਗੇਜ ਲਈਪਹਿਲਾਂ ਤੋਂ ਪ੍ਰਮਾਣਿਤ ਹੋਣੇ ਚਾਹੀਦੇ ਹੋ।

ਸਹਾਇਕ ਦਸਤਾਵੇਜ਼ਸਾਰੇ ਬਿਨੈਕਾਰਾਂ (ਉਹਵਿਅਕਤੀ ਜਿਸਨੂੰ ਟਾਇਟਲ ਤੇ ਰਜਿਸਟਰ ਕੀਤਾ ਜਾਏਗਾ) ਨੂੰ ਅਰਜ਼ੀ ਪ੍ਰਕਿਰਿਆ ਦੇ ਹਿੱਸੇ ਵਜੋਂ ਹੇਠ ਦਿੱਤੇ ਦਸਤਾਵੇਜ਼ ਦੇਣ ਦੀ ਲੋੜ ਹੋਏਗੀ:

1. ਕੈਨੇਡਾ ਵਿੱਚ ਦਰਜੇ ਦਾ ਪ੍ਰਮਾਣ, ਹੇਠਾਂ ਵਿੱਚੋਂ ਕੋਈ ਇੱਕ ਦਿਓ:

- ਕੈਨੇਡਾ ਦਾ ਜਨਮਪ੍ਰਮਾਣ-ਪੱਤਰ
- ਸਥਾਈ ਨਿਵਾਸ ਕਾਰਡ
- ਕਨੇਡੀਅਨ ਨਾਗਰਿਕਤਾ ਦਾ ਪ੍ਰਮਾਣ-ਪੱਤਰ

ਜੇ ਤੁਹਾਡਾ ਜਨਮਕੈਨੇਡਾ ਤੋਂ ਬਾਹਰ ਹੋਇਆ ਸੀ ਅਤੇ ਕੈਨੇਡਾ ਵਿੱਚ ਦਰਜੇ ਦੇ ਸਬੂਤ ਲਈਲੋੜੀਂਦਾ ਪਛਾਣ-ਪੱਤਰ ਨਹੀਂ ਹੈ, ਤਾਂ ਕਿਰਪਾ ਕਰਕੇ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਕੈਨੇਡਾ (Citizenship and Immigration Canada) ਨੂੰ 1-888-242-2100 ਤੇ ਫ਼ੋਨ ਕਰੋ।

2. ਦੂਜੀ ਪਛਾਣ (ਵਿੱਚ ਤੁਹਾਡੀ ਫੋਟੋ ਹੋਣੀ ਲਾਜ਼ਮੀ ਹੈ)

- ਬੀ.ਸੀ. ਵੱਲੋਂ ਜਾਰੀ ਡ੍ਰਾਈਵਰ ਲਸੰਸ
- ਬੀ.ਸੀ. ਪਛਾਣ ਕਾਰਡ (BCID)

- ਪਾਸਪੋਰਟ
- ਇੰਡੀਅਨ ਦਰਜੇ ਦਾ ਸੁਰੱਖਿਅਤ ਪ੍ਰਮਾਣ-ਪੱਤਰ
- ਹੋਰ ਕੋਈ ਪਛਾਣ। ਇਸਵਿੱਚ ਤੁਹਾਡੀ ਫੋਟੋ ਅਤੇ ਹਸਤਾਖਰ ਦੋਵੇਂ ਸ਼ਾਮਲ ਹੋਣੇ ਲਾਜ਼ਮੀ ਹਨਅਤੇ ਇਸਨੂੰ ਮਾਮਲਾ-ਦਰਮਾਮਲਾ ਆਧਾਰ ਤੇ ਵਿਚਾਰਿਆ ਜਾਏਗਾ।

3. ਆਮਦਨੀ ਦਾ ਸਬੂਤ

ਤੁਹਾਡੇ ਲਈਕੈਨੇਡਾ ਰੈਵਿਨਿਊ ਏਜੰਸੀ ਵੱਲੋਂ (Canada Revenue Agency - CRA) ਜਾਰੀ ਹੋਏ ਮੁਲਾਂਕਣ(ਣਾਂ) ਦੇ ਨੋਟਿਸ ਦੀ ਕਾਪੀ ਪ੍ਰਦਾਨ ਕਰਨੀ ਲਾਜ਼ਮੀ ਹੈ।

ਜੇ ਤੁਸੀਂ ਮੁਲਾਂਕਣ(ਣਾਂ) ਦੇ ਆਪਣੇ ਨੋਟਿਸ ਨੂੰ ਪ੍ਰਾਪਤ ਨਹੀਂ ਕਰਪਾਉਂਦੇ, ਤਾਂ ਤੁਸੀਂ CRA ਤੋਂ ਆਮਦਨੀ ਦੇ ਸਬੂਤ ਦਾ ਬਿਓਰਾ (ਵਿਕਲਪ ਸੀ ਪ੍ਰਿੰਟ) ਜਮ੍ਹਾਂ ਕਰਾ ਸਕਦੇ ਹੋ। ਅਜਿਹਾ www.cra.gc.ca/myaccount ਤੇ ਜਾ ਕੇ ਆਪਣੇ CRA My Account ਵਿੱਚ ਲਾਗਿਨ ਕਰਕੇ ਅਤੇ ਆਪਣਾ ਮੁਲਾਂਕਣ ਪ੍ਰਿੰਟ ਕਰਕੇ ਕੀਤਾ ਜਾ ਸਕਦਾ ਹੈ; ਜਾਂ ਵਿਕਲਪ ਸੀ ਪ੍ਰਿੰਟ ਦੀ ਬੇਨਤੀ ਕਰਨਲਈCRA ਨੂੰ 1-800-959-8281 ਜਾਂ 1-800-959-2221 ਤੇ ਕਾਲ ਕਰਕੇ ਕੀਤਾ ਜਾ ਸਕਦਾ ਹੈ।

4. ਮਾਰਗੇਜ ਪੂਰਵ-ਮਨਜ਼ੂਰੀ

ਤੁਹਾਨੂੰ ਇਸਗੱਲ ਦੀ ਪੁਸ਼ਟੀ ਕਰਨੀ ਹੋਏਗੀ ਕਿ ਤੁਹਾਨੂੰ ਰਾਸ਼ਟਰੀ ਆਵਾਸ ਅਧਿਨਿਯਮ ਵੱਲੋਂ ਪ੍ਰਮਾਣਿਤ ਬੈਂਕ/ਰਿਣਦਾਤਾ ਤੋਂ ਮਾਰਗੇਜ ਲਈਪੂਰਵ-ਮਨਜ਼ੂਰੀ ਪ੍ਰਾਪਤ ਹੋਈ ਹੈ ਜੋ ਮਾਰਗੇਜ ਡਿਫਾਲਟ ਬੀਮਾਕਰਤਾ ਦੁਆਰਾ ਬੀਮਾਕ੍ਰਿਤ ਹੈ[1]।

[1] [1]CMHC, ਜੇਨਵਰਥ (Genworth) ਜਾਂ ਕੈਨੇਡਾ ਗਰੰਟੀ Canada Guaranty) ਦੁਆਰਾ ਬੀਮਾਕ੍ਰਿਤ

# BC HOME Partnership




BRITISH COLUMBIA    BC HOUSING

## ਕਿਵੇਂ ਅਰਜ਼ੀ ਦੇਣੀ ਹੈ

ਪ੍ਰੋਗਰਾਮ ਲਈਅਰਜ਼ੀਆਂ 16 ਜਨਵਰੀ, 2017 ਤੋਂ ਸਵੀਕਾਰ ਕੀਤੀਆਂ ਜਾਣਗੀਆਂ। ਜੇ ਤੁਸੀਂ ਪਹਿਲਾਂ ਹੀ ਘਰਲੱਭ ਰਹੇ ਹੋ, ਤਾਂ ਤੁਹਾਡੀ ਅਰਜ਼ੀ ਤੇ ਸਿਰਫ ਉਦੋਂ ਹੀ ਵਿਚਾਰ ਕੀਤਾ ਜਾਏਗਾ ਜੇ ਘਰਖਰੀਦਣ ਦੀ ਸਮਾਪਤੀ ਤਾਰੀਖ 15 ਫਰਵਰੀ, 2017 ਨੂੰ ਹੈ ਜਾਂ ਇਸਦੇ ਬਾਅਦ ਹੈ।

ਸਿਰਫ ਉਨ੍ਹਾਂ ਅਰਜ਼ੀਆਂ ਤੇ ਵਿਚਾਰ ਕੀਤਾ ਜਾਏਗਾ ਜੋ ਪੂਰੀਆਂ ਭਰੀਆਂ ਹੋਣਗੀਆਂ ਅਤੇ ਸਾਰੇ ਸਹਾਇਕ ਦਸਤਾਵੇਜ਼ਾਂ ਦੇ ਨਾਲ ਹੋਣਗੀਆਂ।

ਬੀਸੀ ਹਾਉਸਿੰਗ ਤੁਹਾਡੀ ਅਰਜ਼ੀ ਦਾ ਮੁਲਾਂਕਣ ਕਰੇਗੀ ਅਤੇ ਤੁਹਾਡੀ ਯੋਗਤਾ ਨਿਰਧਾਰਤ ਕਰੇਗੀ। ਤੁਹਾਡੀ ਅਰਜ਼ੀ ਦੀ ਕਾਰਵਾਈ ਹੋ ਜਾਣ ਤੇ ਤੁਹਾਨੂੰ ਈਮੇਲ ਦੁਆਰਾ ਸੂਚਨਾ ਦਿੱਤੀ ਜਾਏਗੀ।

# BC HOME Partnership



BRITISH COLUMBIA BC HOUSING

## ਜੇ ਤੁਸੀਂ ਯੋਗ ਠਹਿਰਾਏ ਜਾਂਦੇ ਹੋ

ਜੇ ਤੁਹਾਡੀ ਅਰਜ਼ੀ ਸਵੀਕਾਰ ਕੀਤੀ ਜਾਂਦੀ ਹੈ, ਤਾਂ ਤੁਸੀਂ ਯੋਗਤਾ ਦਾ ਪੁਸ਼ਟੀਕਰਨ ਅਤੇ ਘਰ ਦੇ ਖਰੀਦਾਰ ਲਈ ਪੈਕੇਜ (Homebuyer's Package) ਪ੍ਰਾਪਤ ਕਰੋਗੇ। ਘਰ ਦੇ ਖਰੀਦਾਰ ਲਈ ਪੈਕੇਜ ਵਿੱਚ ਉਨ੍ਹਾਂ ਕਦਮਾਂ ਬਾਰੇ ਵਿਸਤ੍ਰਤ ਜਾਣਕਾਰੀ ਸ਼ਾਮਲ ਹੋਏਗੀ ਜੋ ਹੋਮ ਪਾਰਟਨਰਸ਼ਿਪ ਕਰਜ਼ੇ ਪ੍ਰਾਪਤ ਕਰਨ ਲਈ ਤੁਹਾਨੂੰ ਲੈਣ ਦੀ ਲੋੜ ਹੈ।

ਘਰ ਦੇ ਖਰੀਦਾਰ ਲਈ ਪੈਕੇਜ ਵਿੱਚ ਤੁਹਾਡੇ ਰਿਅਲ ਐਸਟੇਟ ਏਜੰਟ, ਰਿਣਦਾਤਾ ਅਤੇ ਵਕੀਲ/ਨੋਟਰੀ ਪਬਲਿਕ ਲਈ ਵੀ ਜਾਣਕਾਰੀ ਪੈਕੇਜ ਸ਼ਾਮਲ ਹੁੰਦੇ ਹਨ। ਇਹ ਬੀ.ਸੀ. ਹੋਮ ਪਾਰਟਨਰਸ਼ਿਪ ਕਰਜ਼ੇ ਦੀਆਂ ਲੋੜਾਂ ਨੂੰ ਸਮਝਣ ਵਿੱਚ ਇਨ੍ਹਾਂ ਪੇਸ਼ੇਵਰਾਂ ਦੀ ਮਦਦ ਕਰਣਗੇ।

ਘਰ ਲੱਭਣ ਅਤੇ ਆਫਰ ਲੈਣ ਲਈ ਆਪਣੇ ਰਿਅਲ ਐਸਟੇਟ ਦੇ ਏਜੰਟ ਨਾਲ ਕੰਮ ਕਰੋ।

ਇੱਕ ਵਾਰ ਤੁਹਾਡੀ ਆਫਰ ਸਵੀਕਾਰ ਹੋ ਜਾਣ ਤੇ, ਤੁਹਾਨੂੰ ਖਰੀਦ ਅਤੇ ਵੇਚ ਸਮਝੌਤੇ (CPS) ਦੀ ਕਾਪੀ ਦੇ ਨਾਲ ਬੀ.ਸੀ. ਹਾਉਸਿੰਗ ਅਤੇ ਤੁਹਾਡੇ ਦੁਆਰਾ ਖਰੀਦੇ ਜਾ ਰਹੇ ਘਰ ਦੇ ਵੇਰਵੇ ਪ੍ਰਦਾਨ ਕਰਨ ਦੀ ਲੋੜ ਹੋਏਗੀ।

ਬੀ.ਸੀ. ਹਾਉਸਿੰਗ ਫਿਰ ਤੁਹਾਨੂੰ ਪ੍ਰਤੀਬੰਧਿਤ ਕਰਜ਼ੇ ਵਚਨਬੱਧਤਾ (Conditional Loan Commitment) ਪੱਤਰ ਦਏਗਾ, ਤਾਂ ਕਿ ਤੁਸੀਂ ਇਸਨੂੰ ਪੈਸੇ ਦੇ ਪ੍ਰਬੰਧ ਨੂੰ ਅੰਜਾਮ ਦੇਣ ਲਈ ਆਪਣੇ ਮੁੱਢਲੇ ਰਿਣਦਾਤਾ ਕੋਲ ਲੈ ਜਾ ਸਕੋ। ਬੀ.ਸੀ. ਹੋਮ ਪਾਰਟਨਰਸ਼ਿਪ ਕਰਜ਼ੇ ਮਨਜ਼ੂਰੀ ਸਿਰਫ ਸ਼ਰਤ ਦੇ ਤਹਿਤ ਉਦੋਂ ਤਕ ਮਿਲਣ ਵਾਲੀ ਮਨਜ਼ੂਰੀ ਹੈ ਜਦੋਂ ਤਕ ਪਹਿਲੇ ਫਾਈਨਲ ਮਾਰਗੇਜ ਬੀਮੇ ਦੀ ਹਾਮੀਦਾਰ ਸਮੀਖਿਆ ਨੂੰ ਸੰਚਾਲਿਤ ਅਤੇ ਪ੍ਰਮਾਣਿਤ ਨਹੀਂ ਕੀਤਾ ਜਾਂਦਾ।

ਘਰ ਦੇ ਖਰੀਦਾਰ ਲਈ ਪੈਕੇਜ ਨੂੰ ਦੇਖਣਾ ਨਾ ਭੁੱਲੋ ਅਤੇ ਪ੍ਰਕਿਰਿਆ ਵਿੱਚ ਦਿੱਤੇ ਸਾਰੇ ਕਦਮਾਂ ਨੂੰ ਪੂਰਾ ਕਰਨ ਲਈ ਮਕਸਦ ਆਪਣੇ MyBCHousing ਖਾਤੇ ਦੇ ਪਿੱਛੇ ਦੇਖੋ।

## ਚੁਕੌਤੀ ਕਿਵੇਂ ਕੰਮ ਕਰਦੀ ਹੈ?

ਜਦਕਿ ਇਹ ਪਹਿਲੇ ਪੰਜ ਸਾਲ ਲਈ ਵਿਆਜ ਅਤੇ ਭੁਗਤਾਨ ਰਹਿਤ ਹੈ, ਇਸ ਲਈ ਤੁਸੀਂ ਕਿਸੇ ਵੀ ਸਮੇਂ ਬਗੈਰ ਕਿਸੇ ਜੁਰਮਾਨੇ ਤੋਂ ਅਤਿਰਿਕਤ ਭੁਗਤਾਨ ਕਰ ਸਕਦੇ ਹੋ ਜਾਂ ਪੂਰਾ ਕਰਜ਼ੇ ਚੁਕਾ ਸਕਦੇ ਹੋ।




OUR OPPORTUNITY IS HERE

ਛੇਵੇਂ ਸਾਲ ਦੇ ਸ਼ੁਰੂ ਹੋਣ ਤੇ, ਵਿਆਜ ਲੱਗਣਾ ਸ਼ੁਰੂ ਹੋਏਗਾ ਅਤੇ ਤੁਸੀਂ ਮੂਲ ਅਤੇ ਵਿਆਜ ਦਾ ਭੁਗਤਾਨ ਕਰਨਾ ਸ਼ੁਰੂ ਕਰੋਗੇ, ਬਾਕੀ 20 ਸਾਲਾਂ ਵਿੱਚ ਚੁਕਾਇਆ ਜਾਏਗਾ।

ਬੀ.ਸੀ. ਹੋਮ ਪਾਰਟਨਰਸ਼ਿਪ ਕਰਜ਼ੇ ਨਿਮਨਲਿਖਤ ਵਿੱਚੋਂ ਕੁਝ ਵੀ ਵਾਪਰਣ ਤੇ ਬਕਾਇਆ ਅਤੇ ਪੂਰਾ ਭੁਗਤਾਨ-ਯੋਗ ਹੁੰਦਾ ਹੈ:

- ਪਹਿਲੀ ਮਾਰਗੇਜ ਜਾਂ ਬੀ.ਸੀ. ਹੋਮ ਪਾਰਟਨਰਸ਼ਿਪ ਕਰਜ਼ੇ ਅਦਾ ਕਰਨਵਿੱਚ ਚੂਕ ਹੋ ਜਾਂਦੀ ਹੈ।
- ਘਰਦੀ ਟ੍ਰਾਂਸਫਰ ਹੁੰਦੀ ਹੈ ਜਾਂ ਮਲਕੀਅਤ ਬਦਲਦੀ ਹੈ (ਟਾਇਟਲ ਵਿੱਚ ਕਿਸੇ ਵਿਅਕਤੀ ਦੇ ਜੁੜਣ ਸਮੇਤ)।
- ਜੇ ਉਹਘਰਹੁਣ ਪਹਿਲੇ ਪੰਜ ਸਾਲਾਂ ਦੇ ਅੰਦਰ ਤੁਹਾਡਾ ਮੂਲ ਨਿਵਾਸ ਨਹੀਂ ਰਹਿੰਦਾ ਹੈ।